3-Jan.-Page-LDH.qxd 11/22/2012 6:45 AM Page 1

ਅਦਾਲਤੀ ਕੰਪਲੈਕਸ 'ਚ ਜਾਣ ਵਾਲੇ ਵਿਅਕਤੀਆਂ ਦੀ ਤਲਾਸ਼ੀ ਲੈਂਦੇ ਪੁਲਿਸ ਮੁਲਾਜ਼ਮ। (ਸੱਜੇ) ਕੰਪਲੈਕਸ 'ਚ ਪੁਲਿਸ ਮੁਲਾਜ਼ਮਾਂ ਨੂੰ ਹਦਾਇਤਾਂ ਦਿੰਦੇ ਹੋਏ ਮਹਿਲਾ ਪੁਲਿਸ ਅਧਿਕਾਰੀ।

ਅਦਾਲਤੀ ਕੰਪਲੈਕਸ 'ਚ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੰਮਕਾਜ ਸ਼ੁਰੂ

ਲੁਧਿਆਣਾ, 3 ਜਨਵਰੀ (ਪਰਮਿੰਦਰ ਸਿੰਘ ਆਹੂਜਾ)- ਸਥਾਨਕ ਅਦਾਲਤੀ ਕੰਪਲੈਕਸ ਵਿਚ 10 ਦਿਨ ਪਹਿਲਾਂ ਹੋਏ ਬੰਬ ਧਮਾਕੇ ਤੋਂ ਬਾਅਦ ਅੱਜ ਪਹਿਲੇ ਦਿਨ ਅਦਾਲਤਾਂ ਦਾ ਕੰਮਕਾਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸ਼ੁਰੂ ਹੋਇਆ। ਜਾਣਕਾਰੀ ਅਨੁਸਾਰ 10 ਦਿਨ ਪਹਿਲਾਂ ਅਦਾਲਤੀ ਕੰਪਲੈਕਸ ਦੀ ਦੂਜੀ ਮੰਜ਼ਿਲ 'ਤੇ ਹੋਏ ਬੰਬ ਧਮਾਕੇ ਵਿਚ ਬਰਖਾਸਤ ਪੁਲਿਸ ਮੁਲਾਜ਼ਮ ਅਤੇ ਧਮਾਕੇ ਦਾ ਮੁੱਖ ਦੋਸ਼ੀ ਗਗਨਦੀਪ ਸਿੰਘ ਮੌਕੇ 'ਤੇ ਹੀ ਮਾਰਿਆ ਗਿਆ ਸੀ। ਉਸ ਤੋਂ ਬਾਅਦ ਹਰਕਤ ਵਿਚ ਆਏ ਪੁਲਿਸ ਵਲੋਂ ਅਦਾਲਤੀ ਕੰਪਲੈਕਸ ਦੀ ਸੁਰੱਖਿਆ ਸਖ਼ਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਬੰਬ ਧਮਾਕੇ ਤੋਂ ਬਾਅਦ ਅਦਾਲਤਾਂ ਵਿਚ ਛੁੱਟੀਆਂ ਹੋਈਆਂ ਅਤੇ ਛੁੱਟੀਆਂ ਤੋਂ ਬਾਅਦ ਅੱਜ ਪਹਿਲੇ ਦਿਨ ਅਦਾਲਤੀ ਕੰਮਕਾਜ ਸ਼ੁਰੂ ਹੋਇਆ। ਅੱਜ ਅਦਾਲਤੀ ਕੰਪਲੈਕਸ ਨੂੰ ਪੁਲਿਸ ਨੇ ਛਾਉਣੀ ਵਿਚ ਤਬਦੀਲ ਕੀਤਾ ਹੋਇਆ ਸੀ ਅਤੇ ਅਦਾਲਤੀ ਕੰਪਲੈਕਸ ਨੂੰ ਜਾਣ ਵਾਲੇ ਅਣਅਧਿਕਾਰਿਤ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ ਸੀ, ਸਿਰਫ ਮੁੱਖ ਗੇਟਾਂ 'ਤੇ ਹੀ ਲੋਕਾਂ ਅਤੇ ਵਕੀਲਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਜਾ ਰਹੀ ਸੀ। ਪੁਲਿਸ ਮੁਲਾਜ਼ਮਾਂ ਵਲੋਂ ਵਕੀਲਾਂ ਦੇ ਸ਼ਨਾਖਤੀ ਕਾਰਡ ਚੈੱਕ ਕੀਤੇ ਜਾ ਰਹੇ ਸਨ ਅਤੇ ਅਜਿਹਾ ਹੀ ਅਦਾਲਤੀ ਮੁਲਾਜ਼ਮ ਨਾਲ ਵੀ ਕੀਤਾ ਜਾ ਰਿਹਾ ਸੀ। ਵਕੀਲਾਂ ਵਲੋਂ ਵੀ ਪੁਲਿਸ ਦਾ ਪੂਰਾ ਸਾਥ ਦਿੱਤਾ ਗਿਆ ਅਤੇ ਪੁਲਿਸ ਦੀ ਕਾਰਵਾਈ ਵਿਚ ਪੂਰਾ ਸਹਿਯੋਗ ਕੀਤਾ ਗਿਆ। ਪੁਲਿਸ ਵਲੋਂ ਫਿਰੋਜ਼ ਗਾਂਧੀ ਮਾਰਕੀਟ ਵਾਲੇ ਪਾਸੇ ਦੇ ਗੇਟ 'ਤੇ ਵੀ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਪੁਲਿਸ ਵਲੋਂ ਯੰਤਰਾਂ ਨਾਲ ਅਦਾਲਤੀ ਕੰਪਲੈਕਸ ਵਿਚ ਜਾਣ ਵਾਲੇ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਬੀਤੀ ਰਾਤ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵਲੋਂ ਖੁਦ ਅਦਾਲਤੀ ਕੰਪਲੈਕਸ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਉੱਥੇ ਹੀ ਦੇਰ ਰਾਤ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਨ੍ਹਾਂ ਸੁਰੱਖਿਆ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਉੱਚ ਪੁਲਿਸ ਅਧਿਕਾਰੀ ਕਰ ਰਹੇ ਸਨ। ਅੱਜ ਅਦਾਲਤੀ ਕੰਮਕਾਜ ਸ਼ੁਰੂ ਹੋਣ ਦੇ ਪਹਿਲੇ ਦਿਨ ਵਕੀਲਾਂ ਵਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਉਪਰੰਤ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਨਿਆਂਇਕ ਅਧਿਕਾਰੀ, ਪ੍ਰਸ਼ਾਸਨਿਕ ਅਧਿਕਾਰੀ ਅਤੇ ਪੁਲਿਸ ਅਧਿਕਾਰੀ ਵੀ ਹਾਜ਼ਰ ਸਨ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗੁਰਕ੍ਰਿਪਾਲ ਸਿੰਘ ਗਿੱਲ ਨੇ ਆਏ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਮੈਂਬਰ ਵੀ ਮੌਜੂਦ ਸਨ। ਪੁਲਿਸ ਅਧਿਕਾਰੀਆਂ ਨੇ ਵਕੀਲਾਂ ਨੂੰ ਅਪੀਲ ਕੀਤੀ ਕਿ ਸ਼ੱਕੀ ਵਸਤੂਆਂ ਅਤੇ ਸ਼ੱਕੀ ਵਿਅਕਤੀਆਂ ਬਾਰੇ ਪੁਲਿਸ ਨੂੰ ਸੂਚਿਤ ਕਰਨ ਤਾਂ ਜੋ ਮੌਕੇ 'ਤੇ ਕਾਰਵਾਈ ਕੀਤੀ ਜਾ ਸਕੇ।

ਸਖ਼ਤ ਤਲਾਸ਼ੀ ਤੋਂ ਬਾਅਦ ਹੀ ਲੋਕਾਂ ਨੂੰ ਮਿਲੀ ਕੰਪਲੈਕਸ 'ਚ ਜਾਣ ਦੀ ਇਜਾਜ਼ਤ

ਕੰਪਲੈਕਸ 'ਚ ਜਾਣ ਵਾਲੇ ਵਿਅਕਤੀਆਂ ਤੋਂ ਪੁੱਛਗਿੱਛ ਕਰਦੀ ਮਹਿਲਾ ਪੁਲਿਸ ਮੁਲਾਜ਼ਮ। ਤਸਵੀਰਾਂ-ਹਰਿੰਦਰ ਸਿੰਘ ਕਾਕਾ

ਕੋਰੋਨਾ ਕਾਰਨ ਇਕ ਹੋਰ ਮਰੀਜ਼ ਦੀ ਮੌਤ

4 ਵਿਦੇਸ਼ੀ ਯਾਤਰੀਆਂ ਸਮੇਤ 63 ਜਣਿਆਂ ਦੀ ਰਿਪੋਰਟ ਪਾਜ਼ੀਟਿਵ

ਲੁਧਿਆਣਾ, 3 ਜਨਵਰੀ (ਸਲੇਮਪੁਰੀ)- ਪੰਜਵੇਂ ਦਿਨ ਵੀ ਲੁਧਿਆਣਾ ਵਿਚ ਕੋਰੋਨਾ ਦਾ ਕਹਿਰ ਜਾਰੀ ਰਿਹਾ, ਜਦਕਿ ਅੱਜ ਦੂਜੇ ਦਿਨ ਵੀ ਮੌਤ ਦਾ ਸਿਲਸਿਲਾ ਜਾਰੀ ਰਹਿਣ ਕਾਰਨ ਇਕ ਹੋਰ ਮਰੀਜ਼ ਦੀ ਹੋ ਗਈ ਹੈ। ਅੱਜ ਬੀਤੇ ਦਿਨ ਦੇ ਮੁਕਾਬਲੇ 19 ਹੋਰ ਮਰੀਜ਼ਾਂ ਦਾ ਵਾਧਾ ਹੋਇਆ ਹੈ। ਸਿਹਤ ਵਿਭਾਗ ਅਨੁਸਾਰ ਕੋਰੋਨਾ ਜਾਂਚ ਦੌਰਾਨ ਅੱਜ 63 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਚੋਂ 56 ਪੀੜ੍ਹਤ ਮਰੀਜ਼ਾਂ ਦਾ ਸੰਬੰਧ ਜ਼ਿਲ੍ਹਾ ਲੁਧਿਆਣਾ ਨਾਲ ਹੈ, ਜਦਕਿ 7 ਮਰੀਜ਼ ਬਾਹਰਲੇ ਹਨ। ਲੁਧਿਆਣਾ ਨਾਲ ਸਬੰਧਿਤ ਅੱਜ ਜਿਹੜੇ ਨਵੇਂ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ ਵਿਚ 4 ਜਣੇ ਵਿਦੇਸ਼ੀ ਯਾਤਰੀ ਵੀ ਸ਼ਾਮਿਲ ਹਨ। ਯਾਤਰੀਆਂ ਵਿਚ 2 ਜਣੇ ਡੁਬਈ ਨਾਲ, ਜਦਕਿ 2 ਜਣੇ ਕੈਨੇਡਾ ਨਾਲ ਸਬੰਧਿਤ ਯਾਤਰੀ ਹਨ। ਲੁਧਿਆਣਾ ਵਿਚ ਅੱਜ ਜਿਸ ਮਰੀਜ਼ ਦੀ ਮੌਤ ਹੋਈ ਹੈ, ਉਹ ਪਿੰਡ ਹੰਬੜਾਂ ਦਾ ਰਹਿਣ ਵਾਲਾ ਸੀ ਅਤੇ ਉਸ ਦੀ ਉਮਰ ਲਗਭਗ 59 ਸਾਲ ਦੇ ਕਰੀਬ ਸੀ। ਲੁਧਿਆਣਾ ਵਿਚ ਕੋਰੋਨਾ ਵਾਇਰਸ ਤੋਂ ਪੀੜਤ ਮਰੀਜ਼ਾਂ 'ਚੋਂ 85,624 ਮਰੀਜ਼ ਸਿਹਤਯਾਬੀ ਹਾਸਲ ਕਰ ਚੁੱਕੇ ਹਨ। ਇਸ ਵੇਲੇ ਲੁਧਿਆਣਾ ਵਿਚ ਸਿਹਤਯਾਬੀ ਦੀ ਦਰ 97.43 ਫ਼ੀਸਦੀ ਹੈ, ਜੋ ਪਿਛਲੇ ਦਿਨ ਵਾਲੀ ਹੀ ਹੈ। ਮ੍ਰਿਤਕਾਂ ਦੀ ਗਿਣਤੀ ਦਾ ਅੰਕੜਾ ਵਧ ਕੇ 2119 ਹੋ ਗਿਆ ਹੈ, ਜਦਕਿ ਜ਼ਿਲ੍ਹਾ ਲੁਧਿਆਣਾ ਤੋਂ ਬਾਹਰਲੇ ਜਿਲ੍ਹਿਆਂ ਅਤੇ ਸੂਬਿਆਂ ਨਾਲ ਸਬੰਧਿਤ ਮ੍ਰਿਤਕਾਂ ਦੀ ਗਿਣਤੀ ਦਾ ਅੰਕੜਾ 1061 ਹੈ। ਇਸ ਵੇਲੇ ਲੁਧਿਆਣਾ ਨਾਲ ਸਬੰਧਿਤ 198 ਮਰੀਜ਼, ਜਦਕਿ ਜ਼ਿਲ੍ਹਿਆਂ ਅਤੇ ਸੂਬਿਆਂ ਨਾਲ ਸਬੰਧਿਤ 18 ਕੇਸ ਐਕਟਿਵ ਹਨ।

ਡੀ. ਸੀ. ਲੁਧਿਆਣਾ ਦੇ ਦਫ਼ਤਰ ਦੀ ਘੇਰਾਬੰਦੀ ਕਰਨ ਸਮੇਂ ਪ੍ਰਦਰਸ਼ਨ ਕਰਦੇ ਕਿਸਾਨ। ਤਸਵੀਰ-ਹਰਿੰਦਰ ਸਿੰਘ ਕਾਕਾ

ਕਿਸਾਨਾਂ ਵਲੋਂ ਮੰਗਾਂ ਸੰਬੰਧੀ ਡੀ. ਸੀ. ਦਫ਼ਤਰ ਦੀ ਘੇਰਾਬੰਦੀ

ਲੁਧਿਆਣਾ, 3 ਜਨਵਰੀ (ਪੁਨੀਤ ਬਾਵਾ)-ਕਿਸਾਨਾਂ ਵਲੋਂ ਹੱਕੀ ਮੰਗਾਂ ਮਨਵਾਉਣ ਲਈ ਭਾਕਿਯੂ ਏਕਤਾ ਉਗਰਾਹਾਂ ਦੀ ਅਗਵਾਈ ਵਿਚ ਡਿਪਟੀ ਕਮਿਸ਼ਨਰ ਦਫ਼ਤਰ ਦੀ ਘੇਰਾਬੰਦੀ ਕੀਤੀ ਗਈ। ਪੰਜਾਬ ਵਿਚ ਮੋਦੀ ਦੀ ਪੰਜਾਬ ਫੇਰੀ ਦੇ ਵਿਰੋਧ ਵਿਚ ਵੱਡੀ ਗਿਣਤੀ ਵਿਚ ਅਰਥੀਆਂ ਵੀ ਫੂਕੀਆਂ ਗਈਆਂ। ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ, ਗੁਰਪ੍ਰੀਤ ਸਿੰਘ ਨੂਰਪੁਰਾ ਦਵਿੰਦਰ ਸਿੰਘ ਘਲੋਟੀ, ਮਾਸਟਰ ਰਜਿੰਦਰ ਸਿੰਘ ਸਿਆੜਾ, ਮਨੋਹਰ ਸਿੰਘ ਕਲਾਹੜ, ਮੇਜਰ ਸਿੰਘ ਜੀਰਖ, ਯੁਵਰਾਜ ਸਿੰਘ ਘੁਡਾਣੀ, ਸੁਖਪ੍ਰੀਤ ਸਿੰਘ ਮਾਜਰੀ, ਹਾਕਮ ਸਿੰਘ ਜਰਗੜੀ, ਗਿਆਨ ਸਿੰਘ ਹਲਵਾਰਾ ਸੁਖਪ੍ਰੀਤ ਸਿੰਘ ਮਜਾਰੀ, ਕਮਿੱਕਰ ਸਿੰਘ ਰਾਏਕੋਟ ਤੇ ਬਲਦੇਵ ਸਿੰਘ ਨੇ ਆਪਣੇ ਸੰਬੋਧਨ ਵਿਚ ਮੰਨੀਆਂ ਹੋਈਆਂ ਮੰਗਾਂ ਨਾ ਲਾਗੂ ਕਰਨ ਦੇ ਸਬੰਧ ਵਿਚ ਲਗਾਤਾਰ ਚੱਲ ਰਹੇ ਧਰਨੇ ਵਿਚ ਸਰਕਾਰ ਨੇ ਕੋਈ ਵੀ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ, ਮੀਟਿੰਗਾਂ ਦਾ ਟਾਈਮ ਦੇ ਕੇ ਅੱਗੇ ਤੋਂ ਅੱਗੇ ਕਰ ਕੇ ਟਾਲ ਮਟੋਲ ਦੀ ਨੀਤੀ ਅਖ਼ਤਿਆਰ ਕਰਨ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾ ਕੇ ਹੀ ਦਮ ਲੈਣਗੇ ਚਾਹੇ ਇਨ੍ਹਾਂ ਨੂੰ ਹੋਰ ਕਿੰਨਾ ਚਿਰ ਕਿਉਂ ਨਾ ਬੈਠਣਾ ਪਵੇ। ਉਨ੍ਹਾਂ ਕਿਹਾ ਕਿ ਉਹ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੰਘਰਸ਼ ਨੂੰ ਹੋਰ ਤੇਜ਼ ਕਰਾਂਗੇ।

ਮੋਦੀ ਦੀ ਫੇਰੀ ਦੇ ਵਿਰੋਧ 'ਚ ਅਰਥੀਆਂ ਫੂਕੀਆਂ

ਪੁਲਿਸ ਪ੍ਰਸ਼ਾਸਨ ਵਲੋਂ 28 ਐਸ. ਐੱਚ. ਓਜ਼ ਦੇ ਤਬਾਦਲੇ

• ਸਬ ਇੰਸਪੈਕਟਰ ਮਧੂਬਾਲਾ ਥਾਣਾ ਮਾਡਲ ਟਾਊਨ ਦੀ ਐਸ. ਐੱਚ. ਓ. ਤਾਇਨਾਤ

ਲੁਧਿਆਣਾ, 3 ਜਨਵਰੀ (ਪਰਮਿੰਦਰ ਸਿੰਘ ਆਹੂਜਾ)- ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਵਲੋਂ ਅੱਜ ਵੱਡੇ ਪੱਧਰ 'ਤੇ ਐਸ.ਐੱਚ.ਓਜ਼ ਦੇ ਤਬਾਦਲੇ ਕੀਤੇ ਹਨ। ਪੁਲਿਸ ਕਮਿਸ਼ਨਰ ਵਲੋਂ ਸਾਰੇ 28 ਥਾਣਿਆਂ ਦੇ ਐਸ.ਐੱਚ.ਓਜ਼ ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਵਲੋਂ ਜਾਰੀ ਕੀਤੇ ਗਏ ਹੁਕਮਾਂ ਮੁਤਾਬਕ ਸਬ ਇੰਸਪੈਕਟਰ ਜਗਦੀਪ ਸਿੰਘ ਨੂੰ ਦਰੇਸੀ, ਇੰਸਪੈਕਟਰ ਰਮਨਦੀਪ ਸਿੰਘ ਨੂੰ ਸਲੇਮ ਟਾਬਰੀ, ਸਬ ਇੰਸਪੈਕਟਰ ਵਿਜੇ ਕੁਮਾਰ ਨੂੰ ਜੋਧੇਵਾਲ, ਹਰਜਿੰਦਰ ਸਿੰਘ ਨੂੰ ਕੋਤਵਾਲੀ, ਸਤਪਾਲ ਨੂੰ ਡਵੀਜ਼ਨ ਨੰ 2, ਸਾਹਿਬ ਸਿੰਘ ਨੂੰ ਡਿਵੀਜ਼ਨ ਨੰਬਰ 3, ਜਸਪਾਲ ਸਿੰਘ ਨੂੰ ਡਿਵੀਜ਼ਨ ਨੰਬਰ 4, ਸੁਖਜੀਤ ਸਿੰਘ ਨੂੰ ਡੇਹਲੋਂ, ਗੁਰਪ੍ਰੀਤ ਸਿੰਘ ਨੂੰ ਸਦਰ, ਰਾਜਨ ਪਾਲ ਨੂੰ ਦੁਗਰੀ, ਸੇਵਾ ਸਿੰਘ ਨੂੰ ਸਾਹਨੇਵਾਲ, ਦਵਿੰਦਰ ਸਿੰਘ ਨੂੰ ਡਾਬਾ, ਲਾਭ ਸਿੰਘ ਨੂੰ ਸ਼ਿਮਲਾਪੁਰੀ, ਰੋਹਿਤ ਸ਼ਰਮਾ ਨੂੰ ਡਿਵੀਜ਼ਨ ਨੰਬਰ 6, ਰਜਿੰਦਰਪਾਲ ਨੂੰ ਪੀ.ਏ.ਯੂ., ਜਸਕੰਵਲ ਸਿੰਘ ਨੂੰ ਸਰਾਭਾ ਨਗਰ, ਗੁਰਸ਼ਿੰਦਰ ਕੌਰ ਨੂੰ ਲਾਡੋਵਾਲ, ਹਰਪ੍ਰੀਤ ਸਿੰਘ ਨੂੰ ਹੈਬੋਵਾਲ, ਨੀਰਜ ਚੌਧਰੀ ਡਿਵੀਜ਼ਨ ਨੰਬਰ 5, ਕੁਲਵੀਰ ਸਿੰਘ ਡਵੀਜ਼ਨ ਨੰ 8, ਮਧੂਬਾਲਾ ਨੂੰ ਮਾਡਲ ਟਾਊਨ, ਗਗਨਦੀਪ ਸਿੰਘ ਨੂੰ ਜਮਾਲਪੁਰ, ਰਣਵੀਰ ਸਿੰਘ ਕੂਮਕਲਾਂ, ਰਜੇਸ਼ ਕੁਮਾਰ ਨੂੰ ਫੋਕਲ ਪੁਆਇੰਟ, ਰਵਿੰਦਰ ਕੁਮਾਰ ਨੂੰ ਮੋਤੀ ਨਗਰ, ਸੁਖਦੇਵ ਸਿੰਘ ਡਵੀਜ਼ਨ ਨੂੰ 7, ਜਗਦੇਵ ਸਿੰਘ ਮੇਹਰਬਾਨ ਅਤੇ ਨਰਦੇਵ ਸਿੰਘ ਨੂੰ ਥਾਣਾ ਟਿੱਬਾ ਵਿਖੇ ਬਤੌਰ ਐਸ.ਐੱਚ.ਓ. ਤਾਇਨਾਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀ.ਆਈ.ਏ. ਸਟਾਫ਼ ਵਿਚ ਸਬ ਇੰਸਪੈਕਟਰ ਯਸ਼ਪਾਲ ਨੂੰ ਤਾਇਨਾਤ ਕੀਤਾ ਗਿਆ। ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਆਪਣੇ ਅਹੁਦੇ ਸੰਭਾਲਣ ਦੇ ਹੁਕਮ ਦਿੱਤੇ ਗਏ ਹਨ। ਪੁਲਿਸ ਪ੍ਰਸ਼ਾਸਨ ਵਲੋਂ ਇਹ ਹੁਕਮ ਚੋਣ ਕਮਿਸ਼ਨ ਦੀ ਹਦਾਇਤਾਂ ਦੇ ਮੱਦੇਨਜ਼ਰ ਕੀਤੇ ਗਏ ਹਨ।

ਜ਼ਿਲ੍ਹਾ ਸਿੱਖਿਆ ਅਫਸਰ ਨਾਲ ਬਦਸਲੂਕੀ ਕਰਨ ਵਾਲੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਡੀ.ਸੀ. ਦਫਤਰ ਬਾਹਰ ਰੋਸ ਧਰਨੇ ਤੇ ਬੈਠੇ ਅਧਿਆਪਕ, ਜ਼ਿਲ੍ਹਾ ਸਿੱਖਿਆ ਵਿਭਾਗ ਅਧਿਕਾਰੀ ਤੇ ਕਿਸਾਨ ਜਥੇਬੰਦੀਆਂ ਦੇ ਆਗੂ/ਮੈਂਬਰ। ਤਸਵੀਰ-ਹਰਿੰਦਰ ਸਿੰਘ ਕਾਕਾ

ਅਧਿਆਪਕ ਜਥੇਬੰਦੀਆਂ ਤੇ ਕਿਸਾਨ ਯੂਨੀਅਨਾਂ ਵਲੋਂ ਡੀ. ਸੀ. ਦਫ਼ਤਰ ਅੱਗੇ ਵਿਸ਼ਾਲ ਰੋਸ ਧਰਨਾ

ਲੁਧਿਆਣਾ, 3 ਜਨਵਰੀ (ਅਮਰੀਕ ਸਿੰਘ ਬੱਤਰਾ)- ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਲਖਵੀਰ ਸਿੰਘ ਸਮਰਾ ਨਾਲ ਉਨ੍ਹਾਂ ਦੇ ਦਫਤਰ 'ਚ ਆ ਕੇ ਬਦਸਲੂਕੀ ਕਰਨ ਵਾਲ ਮਾਪੇ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਰਜਿੰਦਰ ਘਈ ਅਤੇ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਲਈ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਰੋਸ ਧਰਨੇ 'ਤੇ ਬੈਠੇ ਅਧਿਆਪਕਾਂ ਯੂਨੀਅਨ, ਸਿੱਖਿਆ ਵਿਭਾਗ ਅਧਿਕਾਰੀ ਯੂਨੀਅਨ, ਕਿਸਾਨ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸਮੁੱਚੇ ਪੰਜਾਬ ਦੇ ਜਨਤਕ ਸਥਾਨਾਂ ਵਿਦਿਅਕ ਅਦਾਰਿਆਂ ਵਿਚ 5 ਜਨਵਰੀ ਨੂੰ ਰੋਸ ਪਰਦਰਸ਼ਨ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ, ਸਿੱਖਿਆ ਵਿਭਾਗ ਦੇ ਅਧਿਕਾਰੀ/ ਕਰਮਚਾਰੀਆਂ, ਕਿਸਾਨ ਜਥੇਬੰਦੀਆਂ ਅਤੇ ਭਗਤਰੀ ਜਥੇਬੰਦੀਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸੰਤੋਖ ਸਿੰਘ, ਪ੍ਰਿੰਸੀਪਲ ਅਮਨਦੀਪ ਸਿੰਘ, ਪ੍ਰਿੰਸੀਪਲ ਡਾ. ਦਵਿੰਦਰ ਸਿੰਘ ਛੀਨਾ, ਜੋਗਿੰਦਰ ਆਜਾਦ, ਅਸ਼ੋਕ ਭੰਡਾਰੀ, ਮਲਕੀਤ ਸਿੰਘ, ਚਰਨ ਸਿੰਘ ਸਰਾਭਾ ਹਰਦੇਵ ਸਿੰਘ ਮੁੱਲਾਂਪੁਰ, ਦਲਜੀਤ ਸਿੰਘ ਸਮਰਾਲਾ, ਸੁਖਦੇਵ ਸਿੰਘ ਰਾਣਾ, ਕੁਲਦੀਪ ਸਿੰਘ, ਰਮਨਦੀਪ ਸਿੰਘ, ਗੁਰਮੀਤ ਸਿੰਘ ਮਦਨੀਪੁਰ, ਕਮਲਜੀਤ ਖੰਨਾ, ਹਰਵਿੰਦਰ ਸਿੰਘ ਬਿਲਗਾ ਆਦਿ ਨੇ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫਸਰ ਦਾ ਅਪਮਾਨ ਕਰਨ ਵਾਲਿਆਂ ਖ਼ਿਲਾਫ਼ ਪੁਲਿਸ ਵਲੋਂ ਧਾਰਾ 120ਬੀ, 186, 451, 506 ਤੇ 294 ਅਧੀਨ ਕੇਸ ਤਾਂ ਦਰਜ ਕਰ ਲਿਆ ਹੈ, ਪਰੰਤੂ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਹੋ ਸਕੀ। ਜ਼ਿਲ੍ਹਾ ਸਿੱਖਿਆ ਅਧਿਕਾਰੀ ਨਾਲ ਬਦਸਲੂਕੀ ਕਰਨ ਵਾਲੇ ਗੈਰ-ਸਮਾਜੀ ਅਨਸਰਾਂ ਦਾ ਵਰਤਾਰਾ ਸਰਕਾਰੀ ਸਕੂਲ ਸਿੱਖਿਆ ਦੀ ਸ਼ਾਖਾ ਨੂੰ ਢਾਹ ਲਗਾਉਣ ਅਤੇ ਨਿੱਜੀ ਮੁਨਾਫਾਖੋਰ ਵਿੱਦਿਅਕ ਸੰਸਥਾਵਾਂ ਦੇ ਕੁਪ੍ਰਬੰਧ ਦੀ ਲੁਕਵੀਂ ਹਮਾਇਤ ਕਰਨ ਦੀ ਡੂੰਘੀ ਸਾਜਿਸ਼ ਹੈ, ਜਿਨ੍ਹਾਂ ਦੀ ਕੁਝ ਸਿਆਸੀ ਆਗੂਆਂ, ਉੱਚ ਅਫਸਰਸ਼ਾਹੀ ਤੇ ਮੁਹਤਬਰ ਵਿਅਕਤੀਆਂ ਦੀ ਸ਼ਹਿ ਹਾਸਲ ਹੈ, ਜਿਸ ਦਾ ਖੁਲਾਸਾ ਜਲਦੀ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫਸਰ ਦਾ ਧੋਖੇ ਨਾਲ ਅਪਮਾਨ ਕਰਨ ਵਾਲੇ ਅਖਤੀ ਮਾਪੇ ਸੰਸਥਾ ਦੇ ਪ੍ਰਧਾਨ ਵਜੋਂ ਵਿਚਰ ਰਹੇ ਰਜਿੰਦਰ ਘਈ ਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰ ਹੋਣ ਤੱਕ ਸੰਘਰਸ਼ ਜਾਰੀ ਰਹੇਗਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂਆਂ/ਵਰਕਰਾਂ ਨੇ ਭਾਰੀ ਗਿਣਤੀ 'ਚ ਪੁੱਜ